ਕਲਾਇੰਟ ਦਾ ਨਾਂ ____________________
ਕੇਸ ਨੰਬਰ ____________________
ਤਾਰੀਖ਼ ____________________
ਕਾਉਂਟੀ ____________________
ਕਾਉਂਟੀ ਦਾ ਫ਼ੋਨ ਨੰਬਰ ____________________

# ਤੁਹਾਡੇ CalWORKs ਕੇਸ ਲਈ ਨਿਯਮ ਬਦਲ ਗਏ ਹਨ। ਕਿਰਪਾ ਕਰਕੇ ਧਿਆਨ ਨਾਲ ਪੜ੍ਹੋ।

______________ (ਤਾਰੀਖ਼) ਨੂੰ, ਤੁਹਾਡਾ CalWORKs (ਕੈਲੀਫ਼ੋਰਨੀਆ 'ਚ ਕੰਮ ਦੇ ਮੌਕਿਆਂ ਅਤੇ ਬੱਚਿਆਂ ਨੂੰ ਜ਼ਿੰਮੇਦਾਰੀ ਦਾ ਕਾਰਜਕ੍ਰਮ) ਕੇਸ ਵਾਰਸ਼ਿਕ ਰਿਪੋਰਟਿੰਗ ਤੋਂ ਅਰਧ-ਵਾਰਸ਼ਿਕ ਰਿਪੋਰਟਿੰਗ 'ਚ ਬਦਲ ਜਾਵੇਗਾ ਕਿਉਂਕਿ ਹੁਣ ਤੁਹਾਡੇ ਕੇਸ 'ਚ ਕਿਸੇ ਯੋਗ ਬਾਲਗ ਲਈ ਸਹਾਇਤਾ ਸ਼ਾਮਲ ਹੈ। ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ, ਤੁਹਾਨੂੰ ਸਾਲ 'ਚ ਇਕ ਵਾਰ ਦੀ ਥਾਂ ਸਾਲ 'ਚ ਦੋ ਵਾਰ ਜਾਣਕਾਰੀ ਦੇਣ ਦੀ ਲੋੜ ਹੋਵੇਗੀ। ਉਨ੍ਹਾਂ ਰਿਪੋਰਟਾਂ 'ਚੋਂ ਇਕ ਹੋਵੇਗੀ ਤੁਹਾਡਾ ਸਾਲਾਨਾ ਮੁੜ-ਨਿਰਧਾਰਣ/ਮੁੜ-ਪ੍ਰਮਾਣੀਕਰਣ ਫ਼ਾਰਮ (SAWS 2 PLUS)। SAWS 2 PLUS ਭਰਨ ਦੇ ਛੇ ਮਹੀਨੇ ਬਾਅਦ, ਤੁਹਾਨੂੰ ਡਾਕ ਰਾਹੀਂ ਇਕ ਅਰਧ-ਵਾਰਸ਼ਿਕ ਯੋਗਤਾ ਸਥਿਤੀ ਰਿਪੋਰਟ (SAR 7) ਭੇਜੀ ਜਾਵੇਗੀ ਅਤੇ ਤੁਹਾਨੂੰ ਦੱਸੇਗੀ ਕਿ ਉਹ ਕਦੋਂ ਨਿਯਤ ਹੈ। ਤੁਹਾਡੀ ਅਗਲੀ ਰਿਪੋਰਟ (SAWS 2 PLUS ਜਾਂ SAR 7) ਨਿਯਤ ਹੋਣ ਤੱਕ ਤੁਹਾਡੇ ਪਰਿਵਾਰ 'ਚ ਕਿਸੇ ਵਿਅਕਤੀ ਦੇ ਸ਼ਾਮਲ ਹੋਣ ਜਾਂ ਉਸਨੂੰ ਛੱਡ ਕੇ ਜਾਣ 'ਤੇ ਤੁਹਾਨੂੰ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ। ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ ਆਮਦਨੀ ਸੂਚਨਾ ਸੀਮਾ (IRT) ਨਿਯਮ ਉਹੀ ਰਹਿਣਗੇ: ਜਦੋਂ ਤੁਸੀਂ ਆਪਣੀ IRT ਤੋਂ ਵੱਧ ਆਮਦਨੀ ਦੀ ਜਾਣਕਾਰੀ ਦਿੰਦੇ ਹੋ, ਤਾਂ ਕਾਉਂਟੀ ਤੁਹਾਡੇ ਫ਼ਾਇਦੇ ਘਟਾ ਜਾਂ ਬੰਦ ਕਰ ਸਕਦੀ ਹੈ।

ਇਸ ਨੋਟਿਸ 'ਚ ਅਰਧ-ਵਾਰਸ਼ਿਕ ਰਿਪੋਰਟਿੰਗ ਦੀਆਂ ਸ਼ਰਤਾਂ ਦਾ ਵੇਰਵਾ ਹੈ। ਜੇਕਰ ਇਸ ਬਾਰੇ ਤੁਹਾਡੇ ਕੋਈ ਸਵਾਲ ਹਨ ਕਿ ਕੀ ਜਾਣਕਾਰੀ ਦੇਣੀ ਹੈ ਅਤੇ ਕਦੋਂ ਤਾਂ ਆਪਣੇ ਵਰਕਰ ਤੋਂ ਪੁੱਛੋ ਜਾਂ ਕਾਉਂਟੀ ਨੂੰ ਕਾਲ ਕਰੋ।

ਤੁਹਾਡੀ CalFresh (ਫ਼ੂਡ ਸਟੈਂਪਾਂ) ਰਿਪੋਰਟ ਕਰਨ ਦੀਆਂ ਲੋੜਾਂ 'ਚ ਕਿਸੇ ਬਦਲਾਵਾਂ ਬਾਰੇ ਤੁਹਾਨੂੰ ਵੱਖਰਾ ਨੋਟਿਸ ਮਿਲੇਗਾ।

## ਰਿਪੋਰਟ ਕਰਨ ਨਿਯਮ

ਵਾਰਸ਼ਿਕ ਰਿਪੋਰਟਿੰਗ ਹੇਠ, ਤੁਹਾਨੂੰ ਸਿਰਫ਼ ਫ਼ਾਇਦਿਆਂ ਦਾ ਸਾਲਾਨਾ ਮੁੜ-ਨਿਰਧਾਰਣ ਪੂਰਾ ਕਰਨ ਦੀ ਲੋੜ ਸੀ। ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ, ਸਾਲਾਨਾ ਮੁੜ-ਨਿਰਧਾਰਣ ਤੋਂ ਇਲਾਵਾ, ਤੁਹਾਨੂੰ ਸਾਲ 'ਚ ਇਕ ਵਾਰ SAR 7 ਜਮ੍ਹਾਂ ਕਰਨ ਦੀ ਲੋੜ ਹੈ (ਤੁਹਾਡੇ ਸਾਲਾਨਾ ਮੁੜ-ਨਿਰਧਾਰਣ ਤੋਂ 6 ਮਹੀਨੇ ਬਾਅਦ)। SAR 7 ਤੁਹਾਨੂੰ ਡਾਕ ਰਾਹੀਂ ਭੇਜਿਆ ਜਾਵੇਗਾ।

ਵਾਰਸ਼ਿਕ ਰਿਪੋਰਟਿੰਗ ਵਾਂਗ, ਤੁਹਾਡਾ ਮੁੜ-ਨਿਰਧਾਰਣ ਨਿਯਤ ਹੋਣ 'ਤੇ ਤੁਹਾਨੂੰ ਡਾਕ ਰਾਹੀਂ ਇਕ ਮੁਲਾਕਾਤ ਪੱਤਰ ਮਿਲੇਗਾ। ਜੇਕਰ ਤੁਸੀਂ ਆਪਣੀ ਮੁੜ-ਨਿਰਧਾਰਣ ਮੁਲਾਕਾਤ 'ਚ ਹਾਜ਼ਰ ਨਹੀਂ ਹੋਵੋਗੇ ਅਤੇ ਮਹੀਨੇ ਦੇ ਅੰਤ ਤੱਕ ਉਸਨੂੰ ਪੂਰਾ ਨਹੀਂ ਕਰੋਗੇ, ਤਾਂ ਤੁਹਾਡੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ।

ਉਦਾਹਰਨ: 18 ਮਾਰਚ ਨੂੰ, ਤੁਹਾਨੂੰ ਕਾਉਂਟੀ ਤੋਂ ਇਕ ਮੁਲਾਕਾਤ ਪੱਤਰ ਮਿਲਦਾ ਹੈ ਜਿਸ 'ਚ ਕਿਹਾ ਗਿਆ ਹੈ ਕਿ ਤੁਹਾਡੀ ਮੁੜ-ਨਿਰਧਾਰਣ ਮੁਲਾਕਾਤ 4 ਅਪ੍ਰੈਲ ਨੂੰ ਹੈ। ਜੇਕਰ ਤੁਸੀਂ ਮੁਲਾਕਾਤ 'ਚ ਹਾਜ਼ਰ ਨਹੀਂ ਹੁੰਦੇ ਅਤੇ ਅਪ੍ਰੈਲ ਦੇ ਅੰਤ ਤੱਕ ਉਸਨੂੰ ਪੂਰਾ ਨਹੀਂ ਕਰਦੇ, ਤਾਂ 30 ਅਪ੍ਰੈਲ ਨੂੰ ਤੁਹਾਡਾ ਕੇਸ ਬੰਦ ਕਰ ਦਿੱਤਾ ਜਾਵੇਗਾ।

## ਆਮਦਨੀ ਦੀ ਰਿਪੋਰਟ ਕਰਨ ਦੀ ਸੀਮਾ (IRT) ਨਿਯਮ

ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ ਤੁਹਾਡੇ ਦੁਆਰਾ 10 ਦਿਨਾਂ ਦੇ ਅੰਦਰ ਦੱਸੀ ਜਾਣ ਵਾਲੀ ਆਮਦਨੀ ਦੀ ਰਕਮ ਉਹੀ ਰਹੇਗੀ। ਜੇਕਰ ਤੁਹਾਡੀ ਕੁੱਲ ਮਹੀਨੇਵਾਰ ਆਮਦਨੀ IRT ਰਕਮ ਤੋਂ ਜ਼ਿਆਦਾ ਹੈ, ਤਾਂ ਤੁਹਾਨੂੰ 10 ਦਿਨਾਂ ਦੇ ਅੰਦਰ ਕਾਊਂਟੀ ਨੂੰ ਆਮਦਨੀ ਦੀ ਜਾਣਕਾਰੀ ਦੇਣੀ ਪਵੇਗੀ। "ਕੁੱਲ ਮਹੀਨੇਵਾਰ ਆਮਦਨੀ" ਤੋਂ ਸਾਡਾ ਮਤਲਬ ਹੈ ਤੁਹਾਨੂੰ ਮਿਲਣ ਵਾਲੀ ਕੋਈ ਵੀ ਰਕਮ। ਤੁਹਾਡੀ IRT ਕੀ ਹੈ, ਕਾਊਂਟੀ ਤੁਹਾਨੂੰ ਦੱਸੇਗੀ। ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ, IRT ਅਜੇ ਵੀ ਤੁਹਾਡੀ ਕੁੱਲ ਆਮਦਨੀ ਅਤੇ ਤੁਹਾਡੇ ਪਰਿਵਾਰ 'ਚ ਲੋਕਾਂ ਦੀ ਸੰਖਿਆ 'ਤੇ ਅਧਾਰਤ ਹੈ। IRT ਤੋਂ ਜ਼ਿਆਦਾ ਲੈਣ ਦੇ ਨਤੀਜੇ ਵਜੋਂ ਤੁਹਾਡਾ ਅਨੁਦਾਨ ਘੱਟ ਸਕਦਾ ਹੈ ਜਾਂ ਤੁਹਾਡੀ ਸਹਾਇਤਾ ਬੰਦ ਹੋ ਸਕਦੀ ਹੈ।

<u>ਉਦਾਹਰਨ</u>: ਜੇਕਰ ਤੁਹਾਡੀ IRT $1000 ਹੈ ਅਤੇ ਤੁਹਾਡੀ ਆਮਦਨੀ $800 ਹੈ ਤਾਂ ਤੁਹਾਨੂੰ ਆਪਣੀ ਅਗਲੀ ਰਿਪੋਰਟ (SAR 7 ਜਾਂ SAWS 2 PLUS) ਨਿਯਤ ਹੋਣ ਤੱਕ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ। ਜੇਕਰ ਤੁਹਾਡੀ ਆਮਦਨੀ $1001 ਜਾਂ ਵੱਧ ਹੈ ਤਾਂ ਤੁਹਾਨੂੰ 10 ਦਿਨਾਂ ਦੇ ਅੰਦਰ ਆਪਣੇ ਵਰਕਰ ਨੂੰ ਉਸਦੀ ਜਾਣਕਾਰੀ ਦੇਣੀ ਪਵੇਗੀ। ਜੇਕਰ ਆਮਦਨੀ ਜਾਰੀ ਰਹਿੰਦੀ ਹੈ, ਤਾਂ 10 ਦਿਨਾਂ ਦੇ ਨੋਟਿਸ ਨਾਲ ਤੁਹਾਡੇ ਨਕਦ ਸਹਾਇਤਾ ਸਬੰਧੀ ਫ਼ਾਇਦੇ ਘਟਾਏ ਜਾਂ ਬੰਦ ਕਰ ਦਿੱਤੇ ਜਾਣਗੇ।

## ਲਾਜ਼ਮੀ ਰਿਪੋਰਟ ਕਰਨ ਦੇ ਨਿਯਮ

ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ ਜ਼ਿਆਦਾਤਰ CalWORKs ਲਾਜ਼ਮੀ ਰਿਪੋਰਟਿੰਗ ਨਿਯਮ ਉਹੀ ਰਹਿੰਦੇ ਹਨ ਜਿਵੇਂ ਉਹ ਵਾਰਸ਼ਿਕ ਰਿਪੋਰਟਿੰਗ ਹੇਠ ਹੁੰਦੇ ਹਨ। ਅਰਧ-ਵਾਰਸ਼ਿਕ ਰਿਪੋਰਟਿੰਗ ਨਿਯਮਾਂ ਦੇ ਮੁਤਾਬਕ ਤੁਹਾਨੂੰ ਬਦਲਾਵ ਤੋਂ ਬਾਅਦ 10 ਦਿਨਾਂ ਦੇ ਅੰਦਰ, ਜ਼ਬਾਨੀ ਜਾਂ ਲਿਖਤੀ ਰੂਪ 'ਚ, ਹੇਠ ਦਿੱਤੇ ਗਏ ਬਦਲਾਵਾਂ ਦੀ ਜਾਣਕਾਰੀ ਦੇਣੀ ਪਵੇਗੀ:

- IRT ਤੋਂ ਜ਼ਿਆਦਾ ਆਮਦਨੀ;
- ਪਤੇ 'ਚ ਬਦਲਾਵ;
- ਭੱਜ ਰਹੇ ਅਪਰਾਧੀ ਦਾ ਦਰਜਾ;
- ਪ੍ਰੋਬੇਸ਼ਨ ਜਾਂ ਪੈਰੋਲ ਦੀਆਂ ਸ਼ਰਤਾਂ ਦੀ ਉਲੰਘਣਾ।

## ਸਵੈਇੱਛਤ ਰਿਪੋਰਟ ਕਰਨ ਨਿਯਮ

ਅਰਧ-ਵਾਰਸ਼ਿਕ ਰਿਪੋਰਟਿੰਗ ਹੇਠ CalWORKs ਦੇ ਸਵੈਇੱਛਤ ਰਿਪੋਰਟ ਕਰਨ ਦੇ ਨਿਯਮਾਂ 'ਚ ਕੋਈ ਬਦਲਾਵ ਨਹੀਂ ਹੈ। ਤੁਸੀਂ ਸਵੈਇੱਛਤ ਤੌਰ 'ਤੇ ਕੋਈ ਵੀ ਜਾਣਕਾਰੀ (ਜਿਵੇਂ ਆਮਦਨੀ 'ਚ ਕਮੀ ਜਾਂ ਬਿਨਾਂ ਆਮਦਨੀ ਵਾਲੇ ਕਿਸੇ ਵਿਅਕਤੀ ਦਾ ਤੁਹਾਡੇ ਘਰ 'ਚ ਸ਼ਾਮਲ ਹੋਣਾ) ਦੇ ਸਕਦੇ ਹੋ ਜੋ ਤੁਹਾਡੀ ਅਨੁਦਾਨ ਦੀ ਰਕਮ ਨੂੰ ਵਧਾ ਸਕਦੀ ਹੈ। ਜੇਕਰ ਤੁਸੀਂ ਸਵੈਇੱਛਤ ਤੌਰ 'ਤੇ ਕੋਈ ਜਾਣਕਾਰੀ ਦਿੰਦੇ ਹੋ ਤਾਂ ਉਸਦੇ ਨਤੀਜੇ ਵਜੋਂ ਤੁਹਾਡੀ ਅਨੁਦਾਨ ਦੀ ਰਕਮ ਘੱਟ ਜਾਵੇਗੀ, ਤੁਹਾਡੇ ਦੁਆਰਾ ਆਪਣੀ ਅਗਲੀ ਲਾਜ਼ਮੀ ਰਿਪੋਰਟ 'ਚ ਜਾਣਕਾਰੀ ਦੇਣ ਤੱਕ ਕਾਊਂਟੀ ਤੁਹਾਡੀ ਸਹਾਇਤਾ ਨੂੰ ਨਹੀਂ ਘਟਾਏਗੀ।

## Welfare-to-Work ਰਿਪੋਰਟ ਕਰਨ ਦੇ ਨਿਯਮ

ਜੇਕਰ ਤੁਹਾਨੂੰ Welfare-to-Work (ਕਲਿਆਣ-ਤੋਂ-ਕੰਮ) ਸੇਵਾਵਾਂ ਮਿਲਦੀਆਂ ਹਨ, ਤਾਂ ਤੁਹਾਨੂੰ ਕਾਊਂਟੀ ਦੁਆਰਾ ਲੁੜੀਂਦੀਆਂ ਰਿਪੋਰਟਾਂ ਅਤੇ ਪੜਚੋਲਾਂ ਜਮ੍ਹਾਂ ਕਰਨੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਤੁਹਾਨੂੰ ਬਾਲ ਦੇਖਭਾਲ, ਢੋਆ-ਢੁਆਈ, ਅਤੇ ਕਿਤਾਬਾਂ ਲਈ ਰਕਮ ਜਿਹੀਆਂ ਸੇਵਾਵਾਂ ਲੈਣਾ ਜਾਰੀ ਰੱਖਣ ਲਈ ਇਹ ਸਬੂਤ ਜਮ੍ਹਾਂ ਕਰਨ ਦੀ ਲੋੜ ਹੈ।